੧ੴ ਵਾਹਿਗੁਰੂ ਜੀ ਕੀ ਫਤਿਹ ॥
ਮਲੇਸ਼ੀਅਨ ਗੁਰਦੁਆਰਾ ਕੌਂਸਲ
MAJLIS GURDWARA MALAYSIA
MALAYSIAN GURDWARAS COUNCIL
No.7A, Jalan Haji Salleh Sentul, 51100 Kuala Lumpur
Tel : 603-4050 2329 Fax : 603-4043 5028
Email : gurdwaracouncil@gmail.com (Reg, No: 777/88)
Office Hours : 2.00 PM - 8.00 PM
Saturday, Sunday & Public Holidays Closed

29.11.2023

MGC/OFF/265/05(01/23)

ਜਥੇਦਾਰ,
ਐਡਵੋਕੇਟ ਸ:ਹਰਜਿੰਦਰ ਸਿੰਘ ਧਾਮੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਅੰਮ੍ਰਿਤਸਰ, ਪੰਜਾਬ

ਸਿੰਘ ਸਾਹਿਬ ਜੀ,
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।

ਵਿਸ਼ਾ: ਸ਼ਹੀਦੀ ਹਫਤਾ ੨੧ ਦਸੰਬਰ ਤੋਂ ੨੭ ਦਸੰਬਰ ਤਕ

ਸਾਰਾ ਸਿੱਖ ਜਗਤ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੇ ਸੋਗ ਨਾਲ ਮਨਾਉਂਦਾ ਹੈ। ਦੋਵੇਂ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਦੇ ਜੰਗ ਵਿੱਚ ਸ਼ਹੀਦ ਹੋ ਗਏ ਤੇ ਛੋਟੇ ਸਾਹਿਬਜ਼ਾਦੇ ਬਹੁਤ ਬੇਰਹਿਮੀ ਨਾਲ ਨੀਹਾਂ ਵਿੱਚ ਚਿਣੇ ਗਏ ਕਿਉਂਕਿ ਉਨ੍ਹਾਂ ਨੇ ਇਸਲਾਮ ਧਰਮ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਸੀ।

੨. ਕਈ ਗੁਰਮੁਖਾਂ ਨੇ ਮਲੇਸ਼ੀਅਨ ਗੁਰਦੁਆਰਾ ਕੌਂਸਲ ਪੁਰ ਪ੍ਰਸ਼ਨ ਉਠਾਏ ਹਨ ਕਿ ਕੀ ਗੁਰਮਤ ਸਿਧਾਂਤ ਨੂੰ ਮੁੱਖ ਰੱਖਦਿਆਂ ਵਿਆਹ ਸ਼ਾਦੀਆਂ ਇਸ ਸ਼ਹੀਦੀ ਹਫਤੇ ਵਿੱਚ ਕਰਨੀਆਂ ਠੀਕ ਨੇ? ਗੁਰਮਤ ਤਾਂ ਸਾਰੇ ਦਿਨਾਂ, ਖੁਸ਼ੀ ਜਾਂ ਗਮੀ ਦਿਆਂ, ਨੂੰ ਇੱਕੋ ਜਿਹੇ ਸਮਝਦੀ ਹੈ।

੩. ਗੁਰਬਾਣੀ ਦਾ ਫੈਸਲਾ ਇਹ ਹੈ:

ੳ) "ਸਲੋਕ ਮ:੫॥ ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥੧॥"

{ਅੰਗ ੩੧੮ ਸ੍ਰੀ ਗੁਰੁ ਗਰੰਥ ਸਾਹਿਬ ਜੀ}

ਗੁਰਬਾਣੀ ਕਹਿੰਦੀ ਹੈ ਕਿ ਜਿਸ ਦਿਨ ਆਪਾਂ ਪ੍ਰਮੇਸ਼ਰ ਨੂੰ ਚੇਤੇ ਰੱਖਾਂਗੇ ਉਹ ਦਿਨ ਸੁਹਾਵੜਾ ਹੈ ਅਤੇ ਜਿਸ ਦਿਨ ਆਪਾਂ ਪ੍ਰਮੇਸ਼ਰ ਦਾ ਨਾਮ ਵਿਸਰ ਜਾਵਾਂਗੇ ਤਾਂ ਉਹ ਦਿਨ "ਫਿਟੁ ਭਲੇਰੀ ਰੁਤਿ॥੧॥", ਹੋਵੇਗਾ।

ਅ) "ਸੋਰਠ ਮਹਲਾ ੯॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥

{ਅੰਗ ੬੩੩ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ}

ਗੁਰਬਾਣੀ ਦਾ ਫੈਸਲਾ ਹੈ ਕਿ ਸਿੱਖ ਨੂੰ ਸੋਗ ਤੇ ਖੁਸ਼ੀ ਤੋਂ ਨਿਆਰਾ ਰਹਿਣਾ ਚਾਹੀਦਾ ਹੈ। ਦਿਨ ਤਾਂ ਸਾਰੇ ਹੀ ਇੱਕੋ ਜਿਹੇ ਹੁੰਦੇ ਹਨ।

ੲ) "ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨਾ ਭਾਇਆ"

{ਅੰਗ ੯੨੩ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ }

ਸੁਰਗਵਾਸੀ ਨੂੰ ਯਾਦ ਕਰ ਕਰ ਕੇ ਰੋਈ ਜਾਣਾ ਗਲਤ ਹੈ। ਸਿੱਖ ਨੂੰ ਭਾਣਾ ਮੰਨਣ ਦਾ ਹੁਕਮ ਹੈ। ਇਹ ਹੀ ਤਾਂ ਸਿੱਖੀ ਹੈ। ਸਿੱਖ ਹੋਣ ਦਾ ਮਤਲਬ ਹੀ ਨਿਆਰੇ ਹੋਣਾ ਹੈ। ਕੀਰਤਨੀਆਂ ਅਤੇ ਕਥਾ ਵਾਚਕਾਂ ਨੂੰ ਸਦਾ ਸਿੱਖ ਸੰਗਤ ਨੂੰ ਮਨ ਦਾ ਠਹਿਰਾ ਅਤੇ ਜ਼ਬਤ ਸਿਖਾਉਣ ਦੀ ਲੋੜ ਹੈ ਨਾ ਕਿ ਬਹਾਦਰਾਂ ਦੀਆਂ ਸ਼ਹੀਦੀਆਂ ਤੇ ਰੋਣ ਧੋਣ ਦੀ।

੪. ਸਿੱਖ ਰਹਿਤ ਮਰਯਾਦਾ ਕਹਿੰਦੀ ਹੈ ਕਿ ਅਨੰਦ ਕਾਰਜ ਦਾ ਦਿਨ ਮੁਕਰੱਰ ਕਰਨਾ ਹੋਵੇ ਤਾਂ "ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿੱਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ। "

੫. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ, ਤੇ ਹੋਰ ਅਨੇਕਾਂ ਸ਼ਹੀਦਾਂ ਦੇ ਦਿਨ ਵੀ "ਹਰਖ ਸੋਗ" ਤੋਂ ਨਿਆਰਉ ਰਹਿਕੇ ਮਨਾਏ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਸੋਚ ਦਾ ਨਿਆਰਾਪਣ ਇਹ ਸੀ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਚਮਕੌਰ ਦੀ ਗੜ੍ਹੀ ਦੇ ਜੰਗ ਵਿੱਚ ਹੋਈ ਸ਼ਹੀਦੀ ਨੂੰ ਆਪਣੇ ਸਿੱਖਾਂ ਦੀ ਸ਼ਹੀਦੀ ਤੋਂ ਬਿਲਕੁਲ ਉੱਪਰ ਨਹੀਂ ਸਮਝਿਆ।

੬. ਹਾਂ, ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਤੇ ਸੰਗਤ ਨੂੰ, ਖਾਸ ਕਰ ਕੇ ਨੌਜਵਾਨਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਭਰਪੂਰ ਜਾਣਕਾਰੀ ਦਿੱਤੀ ਜਾਵੇ, ਜਿਸ ਸਚਾਈ ਦਾ ਸਭ ਦੇ ਮਨਾ ਤੇ ਅਸਰ ਹੋਵੇ ਤੇ ਲੋਕ ਆਪਣੇ ਵਿਰਸੇ ਤੋਂ ਪ੍ਰਭਾਵਿਤ ਹੋਣ। ਇੱਕ ਆਮ ਸਿੱਖ ਜਾਣ ਸਕੇ ਕਿ ਇਹ ਸਿੱਖੀ ਦੀ ਰੀਤ ਹੈ। ਸਿੱਖੀ ਸਿਦਕ ਇਸੇ ਕੁਰਬਾਨੀ ਦਾ ਨਾਂ ਹੈ।

੭. ਮਲੇਸ਼ੀਅਨ ਗੁਰਦੁਆਰਾ ਕੌਂਸਲ ਵੱਲੋਂ ਅਪੀਲ ਹੈ ਜੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮੁੱਦੇ ਜਾਂ ਪ੍ਰਸ਼ਨ ਤੇ ਰੋਸ਼ਨੀ ਪਾਵੇ।

ਧੰਨਵਾਦ

ਪੰਥ ਦਾ ਸੇਵਕ

.........................
ਜਗੀਰ ਸਿੰਘ
ਪਰਧਾਨ
ਮਲੇਸ਼ੀਅਨ ਗੁਰਦੁਆਰਾ ਕੌਂਸਲ